# Visit of Antony J. Blinken, Secretary of State of the United States of America (July 27-28, 2021)

July 23, 2021

……………………………………………………………………………………………………..

## ਸੰਯੁਕਤ ਰਾਜ ਅਮਰੀਕਾ ਦੇ ਸੈਕ੍ਰੇਟਰੀ ਆਫ਼ ਸਟੇਟ ਐਂਟਨੀ ਜੇ. ਬਲਿੰਕੇਨ ਦੀ ਫੇਰੀ (27-28 ਜੁਲਾਈ, 2021)

23 **ਜੁਲਾਈ**, 2021

ਅਮਰੀਕੀ ਸੈਕ੍ਰੇਟਰੀ ਆਫ਼ ਸਟੇਟ ਐਂਟਨੀ ਜੇ. ਬਲਿੰਕੇਨ 27 ਅਤੇ 28 ਜੁਲਾਈ 2021 ਨੂੰ ਭਾਰਤ ਆਉਣਗੇ। ਸੈਕ੍ਰੇਟਰੀ ਆਫ਼ ਸਟੇਟ ਦਾ ਅਹੁਦਾ ਸੰਭਾਲਣ ਤੋਂ ਬਾਅਦ ਇਹ ਉਨ੍ਹਾਂ ਦੀ ਪਹਿਲੀ ਭਾਰਤ ਫੇਰੀ ਹੈ।

28 ਜੁਲਾਈ ਨੂੰ ਉਹ ਵਿਦੇਸ਼ ਮੰਤਰੀ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਨਾਲ ਮੁਲਾਕਾਤ ਕਰਨਗੇ।

ਸੈਕ੍ਰੇਟਰੀ ਬਲਿੰਕੇਨ ਦੀ ਇਹ ਫੇਰੀ ਉੱਚ ਪੱਧਰੀ ਦੁਵੱਲੀ ਗੱਲਬਾਤ ਨੂੰ ਜਾਰੀ ਰੱਖਣ ਅਤੇ ਭਾਰਤ-ਅਮਰੀਕਾ ਆਲਮੀ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨ ਦਾ ਮੌਕਾ ਹੈ।

ਦੋਵੇਂ ਪੱਖ ਮਜ਼ਬੂਤ ਅਤੇ ਬਹੁਪੱਖੀ ਭਾਰਤ-ਅਮਰੀਕਾ ਦੁਵੱਲੇ ਸੰਬੰਧਾਂ ਅਤੇ ਉਨ੍ਹਾਂ ਨੂੰ ਹੋਰ ਮਜ਼ਬੂਤੀ ਦੇਣ ਦੀ ਸੰਭਾਵਨਾਵਾਂ ਦੀ ਸਮੀਖਿਆ ਕਰਨਗੇ।

ਇਹ ਵਿਚਾਰ-ਵਟਾਂਦਰੇ ਆਪਸੀ ਹਿੱਤਾਂ ਦੇ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਕੇਂਦਰਤ ਹੋਣਗੇ, ਜਿਨ੍ਹਾਂ ਵਿੱਚ COVID -19 ਮਹਾਂਮਾਰੀ ਤੋਂ ਬਹਾਲੀ, ਭਾਰਤ-ਪ੍ਰਸ਼ਾਂਤ ਖੇਤਰ, ਅਫ਼ਗਾਨਿਸਤਾਨ ਅਤੇ ਸੰਯੁਕਤ ਰਾਸ਼ਟਰ ਅੰਦਰ ਸਹਿਯੋਗ ਸ਼ਾਮਲ ਹਨ।

ਨਵੀਂ ਦਿੱਲੀ
23 ਜੁਲਾਈ, 2021

DISCLAIMER: This is an approximate translation. The original is available in English on MEA's website and may be referred to as the official press release.